# ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮਾਜਿਕ ਵਿਚਾਰ



# ਜਨਮ ਅਤੇ ਜੀਵਨ

ਗੁਰੂ ਗੋਬਿੰਦ ਸਿੰਘ ਜੀ ਦਾ ਜਨਮ 22 ਦਸੰਬਰ, 1666 ਈ: ਨੂੰ ਪਟਨਾ ਵਿਚ ਹੋਇਆ ਅਤੇ ਉਨ੍ਹਾਂ ਨੇ ਮਾਤਾ ਗੁਜਰੀ ਦੀ ਕੁੱਖ ਵਿਚੋਂ ਜਨਮ ਲਿਆ। ਉਨ੍ਹਾਂ ਦੇ ਪਿਤਾ ਸ੍ਰੀ ਗੁਰੂ ਤੇਗ਼ ਬਹਾਦਰ ਜੀ ਉਸ ਵੇਲੇ ਪੂਰਬੀ ਭਾਰਤ ਦੀ ਯਾਤਰਾ ਕਰ ਰਹੇ ਸਨ ਅਤੇ ਜਿਸ ਦਿਨ ਬਾਲਕ ਗੋਬਿੰਦ ਸਿੰਘ ਦਾ ਜਨਮ ਹੋਇਆ, ਉਸ ਦਿਨ ਗੁਰੂ ਤੇਗ਼ ਬਹਾਦਰ ਜੀ ਆਸਾਮ ਵਿਚ ਧੁਬਰੀ ਵਿਚ ਉਪਦੇਸ਼ ਦੇ ਰਹੇ ਸਨ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਘਰ ਪੁੱਤਰ ਦੇ ਜਨਮ 'ਤੇ ਲੋਕਾਂ ਨੇ ਬਹੁਤ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਅਤੇ ਦੂਰੋਂ-ਦੂਰੋਂ ਸੰਗਤਾਂ ਪਟਨਾ ਪਹੁੰਚੀਆਂ। ਇਸ ਬਾਲਕ ਨੂੰ ਗੋਬਿੰਦ ਰਾਏ ਦਾ ਨਾਂ ਦਿੱਤਾ ਗਿਆ।

# ਖਾਲਸਾ ਪੰਥ ਦੀ ਸਿਰਜਣਾ

ਪਟਨਾ ਤੋਂ ਵਾਪਸ ਆ ਕੇ ਗੁਰੂ ਗੋਬਿੰਦ ਸਿੰਘ ਜੀ ਨੇ 13 ਅਪ੍ਰੈਲ, 1699 ਦੀ ਵਿਸਾਖੀ ਨੂੰ ਖ਼ਾਲਸਾ ਪੰਥ ਦੀ ਸਾਜਨਾ ਕੀਤੀ, ਉਨ੍ਹਾਂ ਨੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ ਅਤੇ ਆਪ ਉਨ੍ਹਾਂ ਕੋਲੋਂ ਆਪ ਅੰਮ੍ਰਿਤ ਛਕਿਆ। ਪੰਜ ਪਿਆਰਿਆਂ ਨੂੰ ਉਨ੍ਹਾਂ ਨੇ 'ਸਿੰਘ' ਨਾਂ ਦਿੱਤਾ ਅਤੇ ਇਸ ਤੋਂ ਬਾਅਦ ਹੀ ਉਹ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣ ਗਏ। ਉਨ੍ਹਾਂ ਨੇ ਪੰਜ ਪਿਆਰਿਆਂ ਨੂੰ ਇਹ ਨਿਰਦੇਸ਼ ਦਿੱਤਾ ਕਿ ਉਹ ਖ਼ਾਲਸਾ ਦੇ ਪੰਜ ਨਿਸ਼ਾਨ—ਕੇਸ, ਕੰਘਾ, ਕੜਾ, ਕ੍ਰਿਪਾਨ ਅਤੇ ਕਛਹਿਰਾ ਧਾਰਨ ਕਰਨ। ਅੰਮ੍ਰਿਤਧਾਰੀ ਸਿੱਖਾਂ ਲਈ ਉਨ੍ਹਾਂ ਨੇ ਇਕ ਵਿਵਹਾਰ ਜ਼ਾਬਤਾ ਵੀ ਲਾਗੂ ਕੀਤਾ ਅਤੇ ਸਿੱਖਾਂ ਦੀ ਰਹਿਤ ਮਰਯਾਦਾ ਨਿਸ਼ਚਿਤ ਕੀਤੀ। ਇਸ ਸਮੇਂ ਨੈਤਿਕ ਜ਼ਾਬਤੇ ਵਿਚ ਸਿੱਖ ਧਰਮ ਦੀਆਂ ਪ੍ਰਮਾਣਿਤ ਕਦਰਾਂ-ਕੀਮਤਾਂ ਦੇ ਨਾਲ-ਨਾਲ ਉਨ੍ਹਾਂ ਨੇ ਬਹਾਦਰੀ, ਵਫ਼ਾਦਾਰੀ ਅਤੇ ਦੇਸ਼-ਭਗਤੀ ਦੀਆਂ ਕਦਰਾਂ-ਕੀਮਤਾਂ ਨੂੰ ਜੋੜ ਦਿੱਤਾ। ਉਨ੍ਹਾਂ ਨੇ ਇਹ ਫੁਰਮਾਨ ਜਾਰੀ ਕੀਤਾ ਕਿ ਕੋਈ ਵੀ ਕੇਸ ਨਹੀਂ ਕੱਟੇਗਾ, ਕੋਈ ਨਸ਼ਾ ਨਹੀਂ ਕਰੇਗਾ

☀**ਜੋਤੀ ਜੋਤ ਸਮਾਉਣਾ** ☀ : ਦਸੰਬਰ 1708 ਨੂੰ ਤੜਕੇ ਡੇਢ ਵਜੇ ਗੁਰੂ ਜੀ ਨੇ ਆਪਣੀ ਨੀਂਦ ਤਿਆਗ ਦਿੱਤੀ, ਇਸ਼ਨਾਨ ਕੀਤਾ ਅਤੇ ਆਪਣੇ ਕੱਪੜੇ ਬਦਲੇ, ਉਨ੍ਹਾਂ ਨੇ ਜਪੁ ਜੀ ਸਾਹਿਬ ਦਾ ਪਾਠ ਕੀਤਾ, ਸਵੇਰ ਦੀ ਪ੍ਰਾਰਥਨਾ ਮਗਰੋਂ ਅਰਦਾਸ ਕੀਤੀ ਅਤੇ ਬਹੁਤ ਜ਼ੋਰਦਾਰ ਢੰਗ ਨਾਲ ਫਤਹਿ ਬੁਲਾਈ- ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਿਹ।। 42 ਸਾਲ ਦੀ ਛੋਟੀ ਉਮਰ ਭੋਗਣ ਤੋਂ ਬਾਅਦ ਹੀ ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤ ਸਮਾ ਗਏ। ਇਸ ਛੋਟੇ ਜਿਹੇ ਸਮੇਂ ਵਿਚ ਹੀ ਉਨ੍ਹਾਂ ਨੇ ਸਿੱਖ ਧਰਮ ਨੂੰ ਅਮਰ ਅਗਵਾਈ ਦਿੱਤੀ ਅਤੇ ਸਿੱਖ ਧਰਮ ਦੀ ਰੱਖਿਆ ਵਾਸਤੇ ਖ਼ਾਲਸਾ ਪੰਥ ਦੀ ਸਥਾਪਨਾ ਕੀਤੀ।

**ਰਚਨਾਵਾਂ : ਬਚਿਤ੍ਰ ਨਾਟਕ, ਜ਼ਫਰਨਾਮਾ, ਚੰਡੀ ਦੀ ਵਾਰ, ਸ਼ਬਦ ਹਜ਼ਾਰੇ, ਅਕਾਲ ਉਸਤਤਿ, ਜਾਪੁ ਸਾਹਿਬ, ਚੌਪਈ ਸਾਹਿਬ ਪ੍ਰਮੁੱਖ ਰਚਨਾਵਾਂ ਹਨ।**

# □ ਗੁਰੂ ਗੋਬਿੰਦ ਸਿੰਘ ਜੀ ਦੇ ਸਮਾਜਿਕ ਵਿਚਾਰ□

1) **ਪਰਮਾਤਮਾ ਦੀ ਧਾਰਨਾ**: ਗੁਰੂ ਨਾਨਕ ਦੇਵ ਜੀ ਅਤੇ ਉਹਨਾਂ ਤੋਂ ਬਾਅਦ ਹੋਏ ਅੱਠ ਗੁਰਾਂ ਦੇ ਅਧਿਆਤਮਿਕ ਅਤੇ ਧਾਰਮਿਕ ਵਿਚਾਰਾਂ ਨੂੰ ਗੁਰੂ ਜੀ ਨੇ ਪੂਰੇ ਮਨ ਅਤੇ ਸ਼ਰਧਾ ਨਾਲ ਅਪਣਾਇਆ ਅਤੇ ਉਹਨਾਂ ਨੂੰ ਪ੍ਰਚਾਰਿਤ ਕੀਤਾ ਉਹਨਾਂ ਨੇ ਇੱਕ ਪਰਮੇਸ਼ਰ ਦੇ ਸਿਧਾਂਤ ਨੂੰ ਅਪਣਾਇਆ ਅਤੇ ਸਾਰੇ ਬ੍ਰਹਿਮੰਡ ਨੂੰ ਉਸ ਪਰਮਾਤਮਾ ਦ ਲੀਲਾ ਦੇ ਰੂਪ ਵਿੱਚ ਵੇਖਿਆ। **ਗੁਰੂ ਗੋਬਿੰਦ ਸਿੰਘ ਜੀ ਨੇ ਏਕੁ ਪਿਤਾ ਏਕਸੁ ਕੇ ਹਮ ਬਾਰਿਕ"ਦੇ ਸਿਧਾਂਤ ਨੂੰ ਅਪਣਾਈ ਰੱਖਿਆ।**

2) **ਜਾਤ-ਪ੍ਰਣਾਲੀ ਦਾ ਦ੍ਰਿੜ੍ਹ ਵਿਰੋਧ** : ਗੁਰੂ ਗੋਬਿੰਦ ਸਿੰਘ ਜੀ ਨੇ ਹਿੰਦੂ ਸਮਾਜ ਵਿਚ ਪ੍ਰਚੱਲਿਤ ਜਾਤ-ਪ੍ਰਣਾਲੀ ਦਾ ਵਿਰੋਧ ਕੀਤਾ ਅਤੇ ਉਨ੍ਹਾਂ ਨੇ ਇਹ ਕਿਹਾ ਕਿ ਇਹ ਪ੍ਰਣਾਲੀਏਕਤਾ ਦੇ ਰਾਹ ਵਿਚ ਵੱਡੀ ਰੁਕਾਵਟ ਹੈ ਅਤੇ ਮੁਗ਼ਲਾਂ ਦੇ ਜਬਰ ਅਤੇ ਜ਼ੁਲਮ ਦੇ ਵਿਰੁੱਧ ਜੰਗ ਵਿਚ ਇਹ ਵਿਵਸਥਾ ਇਕ ਹਾਨੀਕਾਰਕ ਰੁਕਾਵਟ ਦੇ ਰੂਪ ਵਿਚ ਕਾਰਜ ਕਰਦੀ ਸੀ। ਉਨ੍ਹਾਂ ਨੇ ਜਾਤ-ਪ੍ਰਥਾ ਦੀ ਨਿਖੇਧੀ ਨਾ ਕੇਵਲ ਆਪਣੇ ਸ਼ਬਦਾਂ ਵਿਚ ਕੀਤੀ ਸਗੋਂ ਇਸਨੂੰ ਸਮਾਪਤ ਕਰਨ ਲਈ ਖ਼ਾਲਸਾ ਪੰਥ ਦੀ ਸਥਾਪਨਾ ਵੱਲ ਇਕ ਮਹਾਨ ਉਪਰਾਲਾ ਵੀ ਕੀਤਾ। ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਵੇਲੇ ਉਨ੍ਹਾਂ ਨੇ ਇਹ ਕਿਹਾ ਕਿ ਉਹ ਇਹ ਚਾਹੁੰਦੇ ਸਨ ਕਿ ਹਰ ਵਿਅਕਤੀ ਨੂੰ ਇਕ ਧਰਮ ਨੂੰ ਮੰਨ ਕੇ ਵਿਵਹਾਰ ਕਰਨਾ ਚਾਹੀਦਾ ਹੈ ਅਤੇ ਇਕ ਧਰਮ ਦੇ ਸਾਰੇ ਮੰਨਣ ਵਾਲੇ ਇਕ-ਸਮਾਨ ਹੁੰਦੇ ਹਨ।

**3)ਵਿਚਾਰਾਂ ਅਤੇ ਕਾਰਜਾਂ ਦੀ ਸ਼ੁੱਧਤਾ** : ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਥਾਪਨਾ ਕੀਤੀ ਅਤੇ ਖ਼ਾਲਸਾ ਨੂੰ ਸ਼ੁੱਧ ਵਿਅਕਤੀ ਦੇ ਰੂਪ ਵਿਚ ਪਰਿਭਾਸ਼ਿਤ ਕੀਤਾ। ਉਨ੍ਹਾਂ ਨੇ ਰਾਜ ਕਰੇਗਾ ਖ਼ਾਲਸਾ' ਸ਼ਬਦ ਦੀ ਵਰਤੋਂ ਇਸ ਸਚਾਈ ਨੂੰ ਪ੍ਰਗਟ ਕਰਨ ਲਈ ਕੀਤੀ ਕਿ ਸ਼ੁੱਧਤਾ ਦਾ ਹੀ ਸ਼ਾਸਨ ਹੋਵੇਗਾ। ਗੁਰੂ ਜੀ ਨੇ ਮਨ, ਬਚਨ ਅਤੇ ਕਰਮ ਦੀ ਸ਼ੁੱਧਤਾ ਦੇ ਸਿਧਾਂਤ ਦੀ ਪੈਰਵੀ ਵੀ ਕੀਤੀ ਅਤੇ ਪਾਲਣਾ ਵੀ। ਉਨ੍ਹਾਂ ਨੇ ਸਵਾਰਥ ਰਹਿਤ ਅਤੇ ਉਚਿਤਪੂਰਨਤਾ ਅਤੇ ਨਿਆ ਤੇ ਅਧਾਰਤ ਜੀਵਨ ਜਿਉਣ ਦਾ ਸਬਕ ਵੀ ਦਿੱਤਾ।

**4) ਮੂਰਤੀ ਪੂਜਾ ਦਾ ਵਿਰੋਧ** : ਗੁਰੂ ਗੋਬਿੰਦ ਸਿੰਘ ਜੀ ਬੇਜਾਨ ਵਸਤੂਆ ਜਾਂ ਮੂਰਤੀਆਂ ਦੀ ਪੂਜਾ ਦੇ ਸਖ਼ਤ ਵਿਰੋਧੀ ਸਨ। ਉਨ੍ਹਾਂ ਨੇ ਇਸਨੂੰ ਅਧਾਰਮਿਕ, ਪੁਰਾਤਨਪੰਥੀ ਜਾਂ ਫਿਰ ਇਕ ਸਮਾਜਿਕ ਬੁਰਾਈ ਦੇ ਰੂਪ ਵਿਚ ਵੇਖਿਆ। ਆਪਣੀ ਰਚਨਾ 'ਅਕਾਲ ਉਸਤਤਿ' ਵਿਚ ਉਨ੍ਹਾਂ ਨੇ ਮੂਰਤੀ ਪੂਜਾ ਨੂੰ ਗ਼ਲਤ ਦੱਸਿਆ ਉਨ੍ਹਾਂ ਨੇ ਪਰਮਾਤਮਾ ਦੀ ਪੂਜਾ ਦੇ ਰੂਪ ਵਿਚ ਨਾਮ-ਸਿਮਰਨ ਦੇ ਸਿੱਖ ਧਰਮ ਦੇ ਸਿਧਾਂਤ ਨੂੰ ਇਕ ਸਰਵਉੱਤਮ ਸਿਧਾਂਤ ਮੰਨਿਆ ਅਤੇ ਇਸਦੀ ਖ਼ੁਦ ਵੀ ਪਾਲਣਾ ਕੀਤੀ।

**5)ਪਰ-ਨਾਰੀ/ਪੁਰਸ਼ ਦੇ ਸਾਥ ਦੀ ਮਨਾਹੀ** : ਗੁਰ ਜੀ ਨੇ ਜੀਵਨ-ਜ਼ਾਬਤਾ ਦੇ ਨਿਯਮਾਂ ਦਾ ਨਿਰਧਾਰਨ ਕਰਦੇ ਹੋਏ ਪਰ-ਨਾਰੀ/ਪੁਰਸ਼ ਦੇ ਸੰਗ ਦੀ ਸਖ਼ਤ ਮਨਾਹੀ ਕੀਤੀ। ਜੀ. ਐੱਸ. ਮਨਸੁਖਾ ਲਿਖਦੇ ਹਨ, ਕਿਉਂਕਿ ਉਸ ਵੇਲੇ ਮੁਸਲਿਮ ਸਿੱਖ ਇਸਤਰੀਆਂ ਨੂੰ ਯੁੱਧ ਤੋਂ ਬਾਅਦ ਆਪਣਾ ਇਨਾਮ ਸਮਝ ਕੇ ਆਪਣੇ ਨਾਲ ਲੈ ਜਾਂਦੇ ਸਨ ਅਤੇ ਉਨ੍ਹਾਂ ਦੀ ਬੇਇੱਜ਼ਤੀ ਕਰਦੇ ਸਨ। ਸਿੱਖ ਇਸਦਾ ਬਦਲਾ ਲੈਣਾ ਚਾਹੁੰਦੇ ਸਨ ਅਤੇ ਬਦਲੇ ਵਿਚ ਅਜਿਹੀ ਕਾਰਵਾਈ ਕਰਨ ਦੇ ਵਿਚਾਰ ਨੂੰ ਸਮਰਥਨ ਦਿੰਦੇ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਤਾਪੂਰਵਕ ਇਹ ਕਿਹਾ ਕਿ ਹਰੇਕ ਸਿੱਖ ਲਈ ਪਰ ਨਾਰੀ/ਪੁਰਖ ਦਾ ਸੰਗ ਕਰਨਾ ਬਿਲਕੁਲ ਗ਼ਲਤ ਹੈ।

**6) ਵਿਆਹ ਸਬੰਧੀ ਵਿਚਾਰ** : ਦਸਮ ਪਿਤਾ ਨੇ ਸਮਾਜ ਵਿਚ ਵਿਆਹ ਦੀ ਸੰਸਥਾ ਦਾ ਸਮਰਥਨ ਕੀਤਾ ਅਤੇ ਉਨ੍ਹਾਂ ਨੇ ਇਹ ਨਿਰਦੇਸ਼ ਦਿੱਤਾ ਕਿ ਸਿੱਖਾਂ ਨੂੰ ਸਿੱਖ ਇਸਤਰੀਆਂ ਨਾਲ ਜੋ ਵਿਆਹ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਬਾਲ-ਵਿਆਹ ਜਾਂ ਘੱਟ ਉਮਰ ਵਿਚ ਕੀਤੇ ਜਾਣ ਵਾਲੇ ਵਿਆਹਾਂ ਦੀ ਮਨਾਹੀ ਕੀਤੀ। ਉਨ੍ਹਾਂ ਨੇ ਇਹ ਵੀ ਸਵੀਕਾਰ ਕੀਤਾ ਕਿ ਜੇਕਰ ਵਿਵਾਹਿਤ ਇਸਤਰੀ ਜਾਂ ਪੁਰਖ ਬਦਚਲਨੀ ਦਾ ਵਿਵਹਾਰ ਕਰਦਾ ਹੈ ਤਾਂ ਪਤੀ-ਪਤਨੀ ਵਿਚ ਤਲਾਕ ਹੋ ਸਕਦਾ ਹੈ।

7) **ਕਿਰਤ ਦੇ ਸਨਮਾਨ ਦੀ ਜ਼ੋਰਦਾਰ ਵਕਾਲਤ** : ਗੁਰੂ ਜੀ ਨੇ ਕਿਰਤ ਦਾ ਸਨਮਾਨ ਕੀਤੇ ਜਾਣ ਦੀ ਪੁਰਜ਼ੋਰ ਵਕਾਲਤ ਕੀਤੀ।ਉਨ੍ਹਾਂ ਨੇ ਹਰੇਕ ਵਿਅਕਤੀ ਨੂੰ ਕਿਹ ਕਿ ਉਸਨੂੰ ਖ਼ੁਦ ਕਿਰਤ ਕਰਨੀ ਚਾਹੀਦੀ ਹੈ ਅਤੇ ਦੂਜਿਆਂ 'ਤੇ ਨਿਰਭਰ ਨਹੀਂ ਰਹਿਣਾ ਚਾਹੀਦਾ। ਹਰ ਵਿਅਕਤ ਵਿਚ ਕਿਰਤ ਪ੍ਰਤੀ ਸਨਮਾਨ ਹੋਣਾ ਚਾਹੀਦਾ ਹੈ। ਗੁਰੂ ਜੀ ਨੇ ਖ਼ੁਦ ਉਨ੍ਹਾਂ ਵਿਅਕਤੀਆਂ ਕੋਲੋਂ ਹੀ ਕੋਈ ਵੀ ਵਸਤੂ ਪ੍ਰਾਪਤ ਕੀਤੀ ਜਿਨਾਂ ਨੇ ਕਿ ਆਪਣੇ ਹੱਥਾਂ ਨਾਲ ਉਹ ਵਸਤੂ ਅਰਜਿਤ ਕੀਤੀ ਸੀ।

8)**ਗ਼ੈਰ-ਕੁਦਰਤੀ ਭੇਦਭਾਵਾਂ ਅਤੇ ਵਿਤਕਰਿਆਂ ਦੀ ਸਮਾਪਤੀ** : ਖ਼ਾਲਸਾ ਪੰਥ ਦੀ ਸਿਰਜਨਾ ਦੇ ਦੁਆਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਰਤੀ ਸਮਾਜ ਵਿਚ ਮੌਜੂਦ ਵਰਗ-ਭੇਦਾਂ ਅਤੇ ਵਿਤਕਰਿਆਂ ਨੂੰ ਸਮਾਪਤ ਕਰਨ ਦਾ ਮਹਾਨ ਕਾਰਜ ਕੀਤਾ।ਉਨ੍ਹਾਂ ਨੇ ਹਰ ਸਿੱਖ ਭਾਵ ਹਰ ਖ਼ਾਲਸਾ ਨੂੰ ਸੰਤ-ਸਿਪਾਹੀ ਦੇ ਜੀਵਨ ਬਤੀਤ ਦਿੱਤਾ। ਇਕ ਸੰਤ ਦੀ ਤਰ੍ਹਾਂ ਹਰ ਖ਼ਾਲਸਾ ਨੇ ਜੋ ਸੰਤ ਸ਼ਹਰ ਦੀਆਂ ਕਦਰਾਂ ਕੀਮਤਾਂ ਨੂੰ ਅਪਣਾ ਕੇ ਜੀਵਨ ਬਤੀਤ ਕਰਨਾ ਹੈ ਅਤੇ ਇਕ ਸਿਪਾਹੀ ਦੀ ਤਰ੍ਹਾਂ ਉਸਨੇ ਹਮੇਸ਼ਾ ਆਪਣੇ ਧਰਮ ਦੀ ਰੱਖਿਆ ਲਈ ਸ਼ਸਤਰ ਚੁੱਕਣ ਲਈ ਤਿਆਰ ਰਹਿਣਾ ਹੈ।

9) **ਜੀਵਨ ਦੇ ਪੰਜ ਨਿਯਮ ਜਾਂ ਸਿਧਾਂਤ-ਜੀਵਨ ਜ਼ਾਬਤਾ :** ਉਨ੍ਹਾਂ ਨੇ ਜੀਵਨ - ਪੰਜ ਨਿਯਮਾਂ ਜਾਂ ਸਿਧਾਂਤਾਂ ਦਾ ਵਰਨਣ ਕੀਤਾ। ਇਹ ਸਨ-ਨਾਮ, ਦਾਨ, ਇਸ਼ਨਾਨ, ਕਿਰਤ ਕਰਨਾ ਅਤੇ ਵੰਡ ਛਕਣਾ। ਨਾਮ ਦਾ ਅਰਥ ਸੀ ਪਰਮਾਤਮਾ ਨੂੰ ਹਰ ਵੇਲੇ ਯਾਦ ਰੱਖਣਾ ਅਤੇ ਉਸਦੀ ਪ੍ਰਸ਼ੰਸਾ ਵਿਚ ਸ਼ਬਦ ਗਾਉਣੇ। ਵਾਨ ਦਾ ਅਰਥ ਸੀ ਲੋੜਵੰਦਾਂ ਅਤੇ ਬੇਸਹਾਰਾ ਨੂੰ ਦਾਨ ਦੇ ਕੇ ਮਨੁੱਖਤਾ ਦੀ ਸੇਵਾ ਕਰਨੀ ਅਤੇ ਦੂਜਿਆਂ ਪ੍ਰਤੀ ਜੇਵਾ ਦੀ ਭਾਵਨਾ ਰੱਖਣੀ। ਦਾਨ ਦੇ ਸਿਧਾਂਤ ਵਿਚ ਇਹ ਵੀ ਸ਼ਾਮਿਲ ਸੀ ਕਿ ਸਭ ਕੁਝ ਪਰਮਾਤਮਾ ਦੀ ਰਾਸ ਹੈ ਅਤੇ ਦਾਨ ਦੇਣ ਵਾਲਾ ਵਿਅਕਤੀ ਪਰਮਾਤਮਾ ਦੀ ਦਾਤ ਹੀ ਦੂਸਰਿਆਂ ਨਾਲ ਸਾਂਝੀ ਕਰਦਾ ਹੈ, ਮਨੁੱਖ ਦਾ ਆਪਣਾ ਤਾਂ ਕੁਝ ਵੀ ਨਹੀਂ ਹੁੰਦਾ। ਇਸ਼ਨਾਨ ਦਾ ਅਰਥ ਸੀ ਹਰ ਰੋਜ਼ ਸਰੀਰ ਦੀ ਸਫਾਈ ਕਰਨੀ ਕਿਉਂਕਿ ਸਰੀਰ ਵਿਚ ਵੀ ਪਰਮਾਤਮਾ ਦਾ ਹੀ ਵਾਸ ਜਾਂ ਮੰਦਰ ਹੁੰਦਾ ਹੈ। ਕਿਰਤ ਕਰਨ ਦਾ ਅਰਥ ਹੈ—ਇਮਾਨਦਾਰੀ ਨਾਲ ਮਿਹਨਤ ਕਰਕੇ ਰੋਜ਼ੀ-ਰੋਟੀ ਕਮਾਉਣੀ। ਇਸ ਵਿਚ ਕਿਰਤ ਦੇ ਸਨਮਾਨ ਦਾ ਸਿਧਾਂਤ ਸ਼ਾਮਿਲ ਹੈ। ਹਰੇਕ ਵਿਅਕਤੀ ਲਈ ਆਪਣਾ ਭੋਜਨ ਕਮਾਉਣ ਲਈ ਆਪਣਾ ਪਸੀਨਾ ਬਹਾਉਣਾ ਜ਼ਰੂਰੀ ਸੀ ਅਤੇ ਕਿਸੇ ਵੀ ਵਿਅਕਤੀ ਨੂੰ ਦੂਜਿਆਂ ਦਾ ਕਦੀ ਵੀ ਸ਼ੋਸ਼ਣ ਨਹੀਂ ਕਰਨਾ ਚਾਹੀਦਾ। ਆਪਣੀ ਮਿਹਨਤ ਨਾਲ ਕੀਤੀ ਗਈ ਨੇਕ ਕਮਾਈ ਨਾਲ ਹੀ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਨੀਆਂ ਚਾਹੀਦੀਆਂ ਹਨ। ਕਿਸੇ ਮਨੁੱਖ ਨੂੰ ਕਿਸੇ ਦੂਸਰੇ ਮਨੁੱਖ ਦਾ ਸ਼ੋਸ਼ਣ ਨਹੀਂ ਕਰਨਾ ਚਾਹੀਦਾ। ਵੰਡ ਛਕਣ ਦੇ ਸਿਧਾਂਤ ਦਾ ਭਾਵ ਹੈ ਆਪਣੀ ਕਮਾਈ ਨੂੰ ਦੂਜਿਆਂ ਨਾਲ ਸਾਂਝਾ ਕਰਨਾ।

**Thank-you**

**- Darshan Kaur**